## ਦਫਤਰ ਰਿਵਾਈਜ਼ਿੰਗ ਅਥਾਰਟੀ

31-ਭਗਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਚੋਣਾਂ-ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ, ਬਠਿੰਡਾ
ਕਮਰਾ ਨੰ:242-ਈ, ਪਹਿਲੀ ਮੰਜਲ, ਮਿੰਨੀ ਸਕੱਤਰੇਤ, ਬਠਿੰਡਾ।
email:- erobhuchomandi91@gmail.com

ਜਿੰਮੇਵਾਰ ਬਣੋ, ਵੋਟਰ ਬਣੋ | ਜਿੰਮੇਵਾਰ ਬਣੋ, ਵੋਟਰ ਬਣੋ

ਪੱਤਰ ਨੰ: SGPC ਚੋਣਾਂ-2024/135 | ਮਿਤੀ:5-8-24

ਵਿਖੇ, | ਸਿਰਫ ਈ.ਮੇਲ/ਵਟਸਐਪ ਰਾਹੀ

ਸ੍ਰੀ ਸਤਨਾਮ ਸਿੰਘ, ਨਾਇਬ ਤਹਿਸੀਲਦਾਰ, ਗੋਨਿਆਣਾ,
ਸ੍ਰੀ ਨਵਜੀਵਨ ਛਾਬੜਾ, ਨਾਇਬ ਤਹਿਸੀਲਦਾਰ, ਨਥਾਣਾ,
ਸ੍ਰੀ ਰਮਨਦੀਪ ਕੌਰ, ਨਾਇਬ ਤਹਿਸੀਲਦਾਰ, ਭਗਤਾ ਭਾਈਕਾ।
ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਨਥਾਣਾ
ਸ੍ਰੀ ਰਜਨੀਸ਼ ਗਰਗ, ਬੀ.ਡੀ.ਪੀ.ਓ. ਭਗਤਾ ਭਾਈਕਾ,
ਸ੍ਰੀ ਨਰਿੰਦਰ ਕੁਮਾਰ, ਕਾਰਜ ਸਾਧਕ ਅਫਸਰ, ਗੋਨਿਆਣਾ ਮੰਡੀ/ਨਥਾਣਾ
ਸ੍ਰੀ ਤੁਰਣ ਕੁਮਾਰ, ਕਾਰਜ ਸਾਧਕ ਅਫਸਰ, ਭਗਤਾ ਭਾਈਕਾ/ ਕੋਠਾ ਗੁਰੂ

**ਵਿਸ਼ਾ:-** **ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਨਵੇਂ ਬੋਰਡ ਦੇ ਗਠਨ ਲਈ ਵੋਟਰ ਸੂਚੀਆਂ ਦੀ ਤਿਆਰੀ ਲਈ ਬੀ.ਐਲ.ਓਜ਼ ਵੱਲੋ ਸ਼ਪੈਸ਼ਲ ਕੈਂਪ ਲਗਾਉਣ ਬਾਰੇ।**

ਉਪਰੋਕਤ ਵਿਸ਼ੇ ਸਬੰਧੀ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਨਵੇ ਬੋਰਡ ਦੇ ਗਠਨ ਲਈ ਮਿਤੀ 21-10-2023 ਤੋਂ ਵੋਟਰ ਸੂਚੀਆਂ ਦੀ ਤਿਆਰੀ ਸਬੰਧੀ ਕੰਮ ਪ੍ਰਗਤੀ ਅਧੀਨ ਹੈ ਅਤੇ ਫਾਰਮ ਪ੍ਰਾਪਤ ਕਰਨ ਦੀ ਆਖਰੀ ਮਿਤੀ 16-09-2024 ਹੋ ਗਈ ਹੈ ਪਰੰਤੂ ਨਿਮਨਹਸਤਾਖਰ ਦੇ ਧਿਆਣ ਵਿੱਚ ਆਇਆ ਹੈ ਕਿ ਇਸ ਹਲਕੇ ਦੇ ਅੱਜ ਮਿਤੀ 05-08-2023 ਤੱਕ ਬਹੁਤ ਹੀ ਘੱਟ ਫਾਰਮ ਪ੍ਰਾਪਤ ਨਹੀਂ ਹੋਏ ਹਨ। ਇਸ ਲਈ ਜਿਲ੍ਹਾ ਚੋਣ ਅਫਸਰ, ਬਠਿੰਡਾ ਜੀ ਪਾਸੋ ਪ੍ਰਾਪਤ ਦਿਸ਼ਾ ਨਿਰਦੇਸ਼ਾ ਅਨੁਸਾਰ ਮਿਤੀ 06-08-2024 ਅਤੇ 07-08-2024 ਨੂੰ SGPC ਦੀਆ ਵੋਟਾ ਬਣਾਉਣ ਲਈ ਸ਼ਪੇਸ਼ਲ ਕੈਂਪ ਲਗਾਇਆ ਜਾਂਦਾ ਹੈ। ਕੈਂਪ ਦੌਰਾਨ ਕਰਮਚਾਰੀਆਂ ਵੱਲੋ ਸਵੇਰੇ 09 ਤੋਂ ਸ਼ਾਮ 5 ਵਜੇ ਤੱਕ ਫਾਰਮ ਪ੍ਰਾਪਤ ਕੀਤੇ ਜਾਣ ਤਾ ਜੋ ਮਾਨਯੋਗ ਚੀਫ ਕਮਿਸ਼ਨਰ ਗੁਰਦੁਆਰਾ ਚੋਣਾ ਦੁਆਰਾ ਜਾਰੀ ਕੀਤੇ ਗਏ ਹੁਕਮਾਂ ਦੀ ਪਾਲਣਾ ਕਰਦੇ ਹੋਏ ਨਿਰਧਾਰਤ ਸਮੇ ਅਨੁਸਾਰ ਵੋਟਰ ਸੂਚੀਆਂ ਦਾ ਕੰਮ ਮੁਕੰਮਲ ਕੀਤਾ ਜਾ ਸਕੇ। ਆਪ ਅਧੀਨ ਕੰਮ ਕਰਦੇ ਪਟਵਾਰੀਆਂ/ ਨਗਰ ਕੌਸਲ ਦੇ ਕਰਮਚਾਰੀਆਂ ਨਾਲ ਸਹਾਇਤਾ ਲਈ ਸਬੰਧਤ ਪਿੰਡਾ ਦੇ ਬੀ.ਐਲ.ਓ ਵੀ ਕੈਂਪ ਵਿੱਚ ਹਾਜਰ ਰਹਿਣਗੇ ਅਤੇ ਆਪ ਲਗਾਏ ਜਾ ਰਹੇ ਕੈਂਪ ਦੀ ਚੈਕਿੰਗ ਕਰਦੇ ਹੋਏ ਕੈਂਪ ਵਿੱਚ ਲਗਾਏ ਗਏ ਕਰਮਚਾਰੀਆਂ ਦੀ ਹਾਜਰੀ ਯਕੀਨੀ ਬਣਾਈ ਜਾਵੇ ਅਤੇ ਕੈਂਪ ਤੋਂ ਪਹਿਲਾ ਗੁਰਦੁਆਰਿਆਂ ਵਿੱਚ ਮੁਨਾਦੀ ਜਰੂਰ ਕਰਵਾਈ ਜਾਵੇ ਅਤੇ ਇਸ ਦੌਰਾਨ ਲਈਆ ਗਈਆਂ ਫੋਟੋਆਂ ਗਰੁੱਪ ਵਿੱਚ ਸਾਂਝੀਆਂ ਕੀਤੀਆਂ ਜਾਣ।

ਸਮੂਹ ਬੀ.ਐਲ.ਓ. ਸਾਹਿਬਾਨ ਨੋਟ ਕਰਨ ਕਿ ਆਪ ਜੀ ਪਾਸ ਜੋ ਵਿਧਾਨ ਸਭਾ ਦੀਆ ਵੋਟਰ ਸੂਚੀਆਂ ਹਨ ਉਨ੍ਹਾਂ ਵਿੱਚੋ ਜਿਨ੍ਹਾਂ ਵੋਟਰਾ ਦੇ ਨਾਮ ਪਿੱਛੇ ਸਿੰਘ ਜਾ ਕੋਰ ਲੱਗਿਆ ਹੋਇਆ ਹੈ। ਉਨ੍ਹਾਂ ਦੀ ਡੋਰ ਟੂ ਡੋਰ ਵੈਰੀਫਿਕੇਸਨ ਕੀਤੀ ਜਾਵੇ ਅਤੇ ਜਿਨ੍ਹਾ ਦੇ ਫਾਰਮ ਨਹੀ ਭਰੇ ਗਏ ਉਨ੍ਹਾ ਦਾ ਫਾਰਮ ਭਰਨੇ ਯਕੀਨੀ ਬਣਾਏ ਜਾਣ। ਇਸ ਤੋ ਇਲਾਵਾ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸਤਰੀਆਂ ਦੀ ਫੋਟੋ ਤੋਂ ਛੋਟ ਦਿੱਤੀ ਗਈ ਹੈ।

ਰਿਵਾਈਜਿੰਗ ਅਥਾਰਟੀ,
31-ਭਗਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ
ਕਮੇਟੀ (ਬੋਰਡ) ਚੋਣਾਂ-ਕਮ- ਸਕੱਤਰ,
ਰਿਜਨਲ ਟਰਾਂਸਪੋਰਟ ਅਥਾਰਟੀ, ਬਠਿੰਡਾ।
ਮਿਤੀ 5-8-24

ਪਿੱਠ ਅੰਕਣ ਨੰ: 136

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ:-

1. ਜਿਲ੍ਹਾ ਚੋਣ ਅਫਸਰ, ਬਠਿੰਡਾ ਜੀ ਨੂੰ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਸੂਚਨਾਂ ਅਤੇ ਅਗਲੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।
2. ਚੋਣਕਾਰ ਰਜਿਸ਼ਟਰੇਸ਼ਨ ਅਫਸਰ-090-ਰਾਮਪੁਰਾ ਫੂਲ, ਵਿਧਾਨ ਸਭਾ ਹਲਕਾ ਨੂੰ ਭੇਜ ਕੇ ਬੇਨਤੀ ਕੀਤੀ ਜਾਦੀ ਹੈ ਕਿ ਆਪ ਅਧੀਨ ਕੰਮ ਕਰਦੇ ਬੀ.ਐਲ.ਓ ਨੂੰ ਮਿਤੀ 06-08-2024 ਅਤੇ 07-08-2024 ਨੂੰ ਆਪਣੇ ਪੋਲਿੰਗ ਸਟੇਸ਼ਨ ਜਾ ਗੁਰਦੁਆਰਾ ਸਾਹਿਬ ਵਿੱਚ ਬੈਠਣ ਲਈ ਪਾਬੰਧ ਕੀਤਾ ਜਾਵੇ।
3. ਸਮੂਹ ਵਿਭਾਗਾਂ ਦੇ ਮੁੱਖੀ, ਬਠਿੰਡਾ ਅਤੇ ਜਿਲ੍ਹਾ ਸਿੱਖਿਆ ਅਫਸਰ(ਸੈਕੰਡਰੀ ਅਤੇ ਐਲੀਮੈਂਟਰੀ) ਬਠਿੰਡਾ ਨੂੰ ਭੇਜਦੇ ਹੋਏ ਲਿਖਿਆ ਜਾਦਾ ਹੈ ਕਿ ਆਪ ਅਧੀਨ ਆਉਂਦੇ ਕਰਮਚਾਰੀ ਜਿਨ੍ਹਾਂ ਦੀ ਡਿਊਟੀ ਬਤੋਰ BLO ਲੱਗੀ ਹੋਈ ਹੈ ਉਨ੍ਹਾਂ ਨੂੰ ਮਿਤੀ 06-08-2024 ਅਤੇ 07-08-2024 ਨੂੰ ਦਫਤਰੀ/ਸਕੂਲ ਤੇ ਛੋਟ ਦਿੱਤੀ ਜਾਵੇ ਤੇ ਬੀ.ਐਲ.ਓ ਡਿਊਟੀ ਲਈ ਪਾਬੰਧ ਕੀਤਾ ਜਾਵੇ।
4. ਸਬੰਧਤ ਕਰਮਚਾਰੀਆਂ ਨੂੰ ਭੇਜ ਕੇ ਹਦਾਇਤ ਕੀਤੀ ਜਾਦੀ ਹੈ ਕਿ ਕੈਂਪ ਵਿੱਚ ਹਾਜਰ ਹੋਣਾ ਯਕੀਣੀ ਬਣਾਉਂਦੇ ਹੋਏ ਪੋਲਿੰਗ ਸਟੇਸ਼ਨਾ ਤੇ ਬੈਠੇ ਬੀ.ਐਲ.ਓਜ ਨਾਲ ਤਾਲਮੇਲ ਕਰਕੇ SGPC ਵੋਟਾ ਸਬੰਧੀ ਫਾਰਮ ਪ੍ਰਾਪਤ ਕਰਨ ਅਤੇ ਇਸ ਸਬੰਧੀ ਸਵੈ ਤਸਦੀਕ ਪ੍ਰੋਫਾਰਮੇ ਅਤੇ ਰਿਪੋਰਟ ਆਪਣੇ ਨੋਡਲ ਅਫਸਰ ਨੂੰ ਭੇਜਣੀ ਯਕੀਨੀ ਬਣਾਉਣਗੇ।ਇਹ ਵੀ ਯਕੀਣੀ ਬਣਾਇਆ ਜਾਵੇ ਕਿ ਕੋਈ ਵੀ ਪਿੰਡ ਕਵਰ ਕਰਨ ਤੇ ਰਹਿ ਨਾ ਜਾਵੇ।
5. 091-ਭੁੱਚੋ ਮੰਡੀ ਵਿਧਾਨ ਸਭਾ ਹਲਕਾ ਨਾਲ ਬੀ.ਐਲ.ਓ ਨੂੰ ਭੇਜ ਕੇ ਹਦਾਇਤ ਕੀਤੀ ਜਾਦੀ ਹੈ ਕਿ ਆਪ ਆਪਣੇ ਪੋਲਿੰਗ ਸਟੇਸ਼ਨਾ ਉਪਰ ਜਾਂ ਗੁਰਦੁਆਰਾ ਸਾਹਿਬ ਵਿੱਚ ਬੈਠਣਾ ਯਕੀਨੀ ਬਣਾਉ ਅਤੇ ਆਪ ਵੱਲੋ ਬਤੌਰ ਸਹਾਇਕ SGPC ਵੋਟਾ ਬਣਾਉਣ ਦੇ ਕੰਮ ਵਿੱਚ ਸਬੰਧਤ ਕਰਮਚਾਰੀਆ ਨਾਲ ਪੂਰਨ ਸਹਿਯੋਗ ਦਿੱਤਾ ਜਾਵੇ ਅਤੇ ਪ੍ਰਾਪਤ ਫਾਰਮ ਸਬੰਧਤ ਪਟਵਾਰੀਆ/ਨਗਰ ਕੌਸਲ ਦੇ ਕਰਮਚਾਰੀਆ ਨੂੰ ਸਪੁਰਦ ਕਰ ਦਿੱਤੇ ਜਾਣ।

ਰਿਵਾਈਜਿੰਗ ਅਥਾਰਟੀ,
31-ਭਗਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ
ਕਮੇਟੀ (ਬੋਰਡ) ਚੋਣਾਂ-ਕਮ- ਸਕੱਤਰ,
ਰਿਜਨਲ ਟਰਾਂਸਪੋਰਟ ਅਥਾਰਟੀ, ਬਠਿੰਡਾ।

Name of District : Bathinda (31- Bhagta)

| Sr No. | Name of Village | No. of polling stations in Hadbast as per Parliamentary elections | No. of voters enrolled for Parliamentary elections-2024 in the Hadbast | No. of applications received for SGPC Elections in the Hadbast till date | Percentage of enrolment wrt Parliamentary elections - 2024 |
|---|---|---|---|---|---|
| 1 | 2 | 3 | 4 | 5 | 6 = ( 5 / 4 ) * 100 |
| 1 | Kesar Singh Wala | 1 | 1082 | 511 | 47.23 |
| 2 | Burj Ladha Singh Wala | 2 | 1865 | 444 | 23.81 |
| 3 | Ramuwala | 2 | 1360 | 394 | 28.97 |
| 4 | Bhodipura | 3 | 2848 | 799 | 28.05 |
| 5 | Hakam Singh Wala | 2 | 1292 | 314 | 24.30 |
| 6 | Aklia Jalal | 3 | 2470 | 514 | 20.81 |
| 7 | Koer Singh Wala | 2 | 1151 | 244 | 21.20 |
| 8 | Hamirgarh | 3 | 2567 | 526 | 20.49 |
| 9 | Gurusar | 2 | 1792 | 746 | 41.63 |
| 10 | Bhagta | 13 | 11873 | 2155 | 18.15 |
| 11 | Sireyewala | 4 | 4100 | 739 | 18.02 |
| 12 | Maluka | 6 | 5297 | 1416 | 26.73 |
| 13 | Neor | 2 | 1544 | 444 | 28.76 |
| 14 | Burj Tharor | 2 | 1230 | 493 | 40.08 |
| 15 | Kotha Guru | 9 | 8214 | 1577 | 19.20 |
| 16 | Diyalpura Mirja | 4 | 3898 | 935 | 23.99 |
| 17 | Nagar Palika Goniana | 12 | 12307 | 916 | 7.44 |
| 18 | Bhokhra | 4 | 3559 | 465 | 13.07 |
| 19 | Khiyali Wala | 3 | 2372 | 534 | 22.51 |
| 20 | Harraipur urf Bhokri | 3 | 3333 | 450 | 13.50 |
| 21 | Amargarh urf Jhalbutti | 1 | 892 | 174 | 19.51 |
| 22 | Goniana Khurd | 2 | 1800 | 355 | 19.72 |
| 23 | Goniana Kalan | 2 | 1586 | 568 | 35.81 |
| 24 | Jeeda | 4 | 4172 | 231 | 5.54 |
| 25 | Khemuana | 3 | 2470 | 406 | 16.44 |

Name of District : Bathinda (31- Bhagta)

| Sr No. | Name of Village | No. of polling stations in Hadbast as per Parliamentary elections | No. of voters enrolled for Parliamentary elections-2024 in the Hadbast | No. of applications received for SGPC Elections in the Hadbast till date | Percentage of enrolment wrt Parliamentary elections - 2024 |
|---|---|---|---|---|---|
| 1 | 2 | 3 | 4 | 5 | 6 = ( 5 / 4 ) * 100 |
| 26 | Jandawala | 4 | 4122 | 262 | 6.36 |
| 27 | Gidder | 2 | 2059 | 419 | 20.35 |
| 28 | Ganga | 2 | 2040 | 613 | 30.05 |
| 29 | Nathpura | 2 | 2195 | 410 | 18.68 |
| 30 | Bajjoana | 2 | 1621 | 414 | 25.54 |
| 31 | Kalyan Sukha | 4 | 3447 | 801 | 23.24 |
| 32 | Kalyan Malka | 2 | 1450 | 381 | 26.28 |
| 33 | Kalyan Sadda | 2 | 1496 | 318 | 21.26 |
| 34 | Burj Dalla | 1 | 326 | 68 | 20.86 |
| 35 | Bhaini | 2 | 2349 | 461 | 19.63 |
| 36 | Mari | 1 | 950 | 238 | 25.05 |
| 37 | Nathana | 6 | 6155 | 1471 | 23.90 |
| 38 | Poohli | 3 | 2906 | 419 | 14.42 |
| 39 | Dhelwan | 2 | 1597 | 271 | 16.97 |
| 40 | Gobindpura | 7 | 5863 | 834 | 14.22 |
| 41 | Poohla | 4 | 4437 | 561 | 12.64 |
| 42 | Bath | 1 | 1085 | 268 | 24.70 |
| Grand Total | | | 129,176 | 24,564 | 19.02 |

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ**

ਪਿਠ ਅੰਕਣ ਨੰ :ਜੀ-1/1 ( )2024/ 6060 ਮਿਤੀ: 05/08/24

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ , ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਅਨੁਸਾਰ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।